**ਪੰਜਾਬ ਸਰਕਾਰ ਗਜ਼ਟ (ਵਿਸ਼ੇਸ਼), 21 ਅਪ੍ਰੈਲ, 2025**
**(ਵੈਸਾਖ 1, 1947 ਸ਼ਕ)**
**ਭਾਗ-1**

**ਪੰਜਾਬ ਸਰਕਾਰ**

**ਕਾਨੂੰਨੀ ਅਤੇ ਵਿਧਾਨਕ-ਕਾਰ ਵਿਹਾਰ ਵਿਭਾਗ, ਪੰਜਾਬ**

**ਅਧਿਸੂਚਨਾ**

**21 ਅਪ੍ਰੈਲ, 2025**

ਨੰ. 6-ਵਿਧਾ./2025.- ਪੰਜਾਬ ਰਾਜ ਦੀ ਵਿਧਾਨ ਮੰਡਲ ਦੇ ਹੇਠ ਲਿਖੇ ਐਕਟ, 21 ਅਪ੍ਰੈਲ, 2025 ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਸਹਿਮਤੀ ਪ੍ਰਾਪਤ ਹੋਈ ਸੀ, ਆਮ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾਂਦਾ ਹੈ:

**ਕੈਦੀਆਂ ਦਾ ਤਬਾਦਲਾ (ਪੰਜਾਬ ਸੋਧ) ਐਕਟ, 2025**

**(2025 ਦਾ ਪੰਜਾਬ ਐਕਟ ਨੰ:5)** - ੦੧-ਪੀ.ਐੱਸ.ਏ. 2025

**ਇੱਕ**

**ਐਕਟ,**

ਪੰਜਾਬ ਰਾਜ ਤੇ ਇਸਦੇ ਲਾਗੂ ਕਰਨ ਸਬੰਧੀ ਕੈਦੀਆਂ ਦਾ ਤਬਾਦਲਾ ਐਕਟ, 1950 ਵਿੱਚ ਹੋਰ ਸੋਧ ਕਰਨ ਲਈ।

ਭਾਰਤ ਗਣਰਾਜ ਦੇ ਛਿਹੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਕੈਦੀਆਂ ਦਾ ਤਬਾਦਲਾ (ਪੰਜਾਬ ਸੋਧ) ਐਕਟ, 2025 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਆਰੰਭ।
   (2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਨ ਦੀ ਮਿਤੀ ਤੋਂ ਨਾਫਜ਼ ਅਤੇ ਪ੍ਰਭਾਵੀ ਹੋਵੇਗਾ ।
2. ਕੈਦੀਆਂ ਦਾ ਤਬਾਦਲਾ ਐਕਟ, 1950 ਵਿੱਚ, ਪੰਜਾਬ ਰਾਜ ਤੇ ਇਸਦੇ ਲਾਗੂ ਕਰਨ ਸਬੰਧੀ, ਧਾਰਾ 3 ਵਿੱਚ,-

   (i) ਉਪ-ਧਾਰਾ (1) ਤੋਂ ਬਾਅਦ, ਹੇਠ-ਲਿਖੀ ਉਪ-ਧਾਰਾ ਅੰਤਰਸਥਾਪਤ ਕੀਤੀ ਜਾਵੇਗੀ, ਅਰਥਾਤ:- 1950 ਦੇ ਕੇਂਦਰੀ ਐਕਟ 29 ਦੀ ਧਾਰਾ 3 ਦੀ ਸੋਧ।

   "(1-ੳ) ਰਾਜ ਦੀ ਸੁਰੱਖਿਆ, ਕਾਨੂੰਨ ਅਤੇ ਵਿਵਸਥਾ ਕਾਇਮ ਰੱਖਣ ਜਾਂ ਜਨਤਕ ਹਿੱਤਾਂ ਦੇ ਹਿੱਤ ਵਿੱਚ ਹਵਾਲਾਤੀ ਕੈਦੀਆਂ ਦਾ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਤਬਾਦਲਾ, ਦੋਹਾਂ ਰਾਜਾਂ ਦੀ ਸਹਿਮਤੀ ਨਾਲ ਕੀਤਾ ਜਾਵੇਗਾ, ਜਿੱਥੇ ਹਵਾਲਾਤੀ ਕੈਦੀ ਚਾਲੂ ਸਮੇਂ ਬੰਦ ਹਨ ਅਤੇ ਜਿਸ ਰਾਜ ਵਿੱਚ ਉਨ੍ਹਾਂ ਦਾ ਤਬਾਦਲਾ ਕੀਤਾ ਜਾਣਾ ਹੈ, ਅਤੇ ਵਿਚਾਰਨ ਅਦਾਲਤ ਦੀ ਪ੍ਰਵਾਨਗੀ ਪ੍ਰਾਪਤ ਕੀਤੀ ਜਾਵੇਗੀ। ਨਿਆਇਕ ਕਾਰਵਾਈਆ, ਜੇ ਲੋੜਵੇਂ ਹੋਣ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 (2023 ਦਾ ਕੇਂਦਰੀ ਐਕਟ ਨੰ. 46) ਵਿੱਚ ਦਿੱਤੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਸੰਚਾਲਤ ਕੀਤੀਆਂ ਜਾਣਗੀਆਂ; ਅਤੇ

   (ii) ਉਪ-ਧਾਰਾ (2) ਵਿੱਚ, "ਉਪ-ਧਾਰਾ (1) ਅਧੀਨ" ਸ਼ਬਦਾਂ, ਅੰਕਾਂ, ਚਿੰਨ੍ਹਾਂ ਅਤੇ ਬਰੈਕਟਾਂ ਦੇ ਲਈ, "ਉਪ-ਧਾਰਾ (1) ਜਾਂ (1-ੳ) ਅਧੀਨ ਸ਼ਬਦਾਂ, ਅੰਕਾਂ, ਚਿੰਨ੍ਹਾਂ ਅਤੇ ਬਰੈਕਟਾਂ ਨੂੰ ਪ੍ਰਤਿਸਥਾਪਤ ਕੀਤਾ ਜਾਵੇਗਾ।

**ਮਨਦੀਪ ਪੰਨੂ,**
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨ ਅਤੇ ਵਿਧਾਨਕ-ਕਾਰ ਵਿਹਾਰ ਵਿਭਾਗ।

3372/4-2025/ਪੰਜਾਬ ਸਰਕਾਰ ਪ੍ਰੈੱਸ, ਐੱਸ.ਏ.ਐੱਸ. ਨਗਰ

## ਉਦੇਸ਼ ਅਤੇ ਕਾਰਨ

ਇੱਕ ਰਾਜ ਤੋਂ ਦੂਜੇ ਰਾਜ ਵਿੱਚ ਹਵਾਲਾਤੀ ਬੰਦੀਆਂ ਦੇ ਤਬਾਦਲੇ ਦੀ ਵਿਵਸਥਾ ਕਰਨ ਲਈ ਕੈਦੀਆਂ ਦੇ ਤਬਾਦਲੇ ਐਕਟ, 1950 ਵਿੱਚ ਸੋਧ। ਪੰਜਾਬ ਇੱਕ ਸਰਹੱਦੀ ਸੂਬਾ ਹੈ ਜਿਸਨੂੰ ਕਈ ਗੰਭੀਰ ਅੰਦਰੂਨੀ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਵੇਂ ਕਿ ਰਾਸ਼ਟਰ ਵਿਰੋਧੀ ਅੰਤਰਰਾਸ਼ਟਰੀ ਏਜੰਸੀਆਂ, ਅੱਤਵਾਦੀਆਂ, ਏ-ਸ਼੍ਰੇਣੀ ਦੇ ਗੈਂਗਸਟਰਾਂ, ਤਸਕਰਾਂ ਅਤੇ ਖੂੰਖਾਰ ਅਪਰਾਧੀਆਂ, ਉੱਚ ਜੋਖਮ ਵਾਲੇ ਕੈਦੀ, ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਹਨ ਜੋ ਨਾਪਾਕ ਮਨਸੂਬਿਆਂ ਰਾਹੀਂ ਜੇਲ੍ਹਾਂ ਦੇ ਅੰਦਰੋਂ ਆਪਣੇ ਅਪਰਾਧਿਕ ਨੈੱਟਵਰਕ ਨੂੰ ਜਾਰੀ ਰੱਖਣ ਦੀ ਲਗਾਤਾਰ ਕੋਸ਼ਿਸ਼ ਕਰਦੇ ਰਹਿੰਦੇ ਹਨ। ਕੈਦੀਆਂ ਦੇ ਤਬਾਦਲੇ ਐਕਟ, 1950 ਵਿੱਚ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਹਵਾਲਾਤੀ ਬੰਦੀਆਂ ਨੂੰ ਇੱਕ ਰਾਜ ਤੋਂ ਦੂਜੇ ਰਾਜਾਂ ਵਿੱਚ ਤਬਦੀਲ ਕਰਨ ਲਈ ਕੋਈ ਉਪਬੰਧ ਨਹੀਂ ਹੈ, ਇਸ ਲਈ, ਕਾਨੂੰਨ ਵਿਵਸਥਾ ਅਤੇ ਰਾਜ ਦੀ ਸੁਰੱਖਿਆ ਲਈ ਅਤੇ ਜੇਲ੍ਹ ਪ੍ਰਣਾਲੀ ਦੇ ਸੁਚਾਰੂ ਕੰਮਕਾਜ ਲਈ ਹਵਲਾਤੀ ਬੰਦੀਆਂ ਦੇ ਤਬਾਦਲੇ ਐਕਟ, 1950 ਵਿੱਚ ਸੋਧ ਕਰਨਾ ਜ਼ਰੂਰੀ ਹੈ ਤਾਂ ਜੋ ਹਵਾਲਾਤੀ ਬੰਦੀਆਂ ਨੂੰ ਇੱਕ ਰਾਜ ਤੋਂ ਦੂਜੇ ਰਾਜਾਂ ਵਿੱਚ ਤਬਦੀਲ ਕੀਤਾ ਜਾ ਸਕੇ। ਇਸ ਬਿੱਲ ਦਾ ਉਦੇਸ਼ ਅਜਿਹੇ ਤਬਾਦਲੇ ਨੂੰ ਕਾਨੂੰਨੀ ਪ੍ਰਵਾਨਗੀ ਪ੍ਰਦਾਨ ਕਰਨਾ ਹੈ।

ਲਾਲਜੀਤ ਸਿੰਘ ਭੁੱਲਰ

ਜੇਲ੍ਹਾਂ ਮੰਤਰੀ

---

ਚੰਡੀਗੜ੍ਹ: ਰਾਮ ਲੋਕ ਖਟਾਣਾ,

27 ਮਾਰਚ, 2025 ਸਕੱਤਰ.

---

ਨੋਟ:- ਉਪਰੋਕਤ ਬਿੱਲ ਪੰਜਾਬ ਵਿਧਾਨ ਸਭਾ (ਪੰਜਾਬ ਵਿਧਾਨ ਸਭਾ) ਵਿੱਚ ਕਾਰਜ ਪ੍ਰਣਾਲੀ ਅਤੇ ਕਾਰੋਬਾਰ ਦੇ ਸੰਚਾਲਨ ਦੇ ਨਿਯਮਾਂ ਦੇ ਨਿਯਮ 121 ਦੇ ਉਪਬੰਧ ਅਧੀਨ 27 ਮਾਰਚ, 2025 ਨੂੰ ਪੰਜਾਬ ਸਰਕਾਰ ਦੇ ਗਜ਼ਟ (ਅਸਾਧਾਰਨ) ਵਿੱਚ ਪ੍ਰਕਾਸ਼ਿਤ ਹੋਇਆ।

11350/03-2025/25 ਕਾਪੀਆਂ/ਪ੍ਰਕਾਸ਼ਕ, ਸਰਕਾਰੀ ਪ੍ਰੈਸ। ਐਸ.ਏ.ਐਸ. ਨਗਰ